# ਈਕਾਮਰਸ ਦੇ ਨਾਲ ਬੈਸਟ ਪ੍ਰਾਈਸ ਨੇ ਛੋਟੇ ਕਰਿਆਨਾ ਕਾਰੋਬਾਰੀਆਂ ਦੀ ਸੁਰੱਖਿਆ ਤੇ ਬਚਤ ਵਧਾਈ

- **1 ਅਪ੍ਰੈਲ ਤੋਂ 30 ਅਪ੍ਰੈਲ ਤੱਕ ਕਰਿਆਨਾ ਕਾਰੋਬਾਰੀ ਬੈਸਟ ਪ੍ਰਾਈਸ ਐਪ, ਵੈਬਸਾਈਟ ਤੋਂ ਆਨਲਾਈਨ ਆਰਡਰ ਕਰਕੇ 'ਆਨਲਾਈਨ ਸ਼ਾਪਿੰਗ ਧਮਾਕਾ ਮਹੀਨਾ' ਦੇ ਦੌਰਾਨ ਬਚਤ ਦੇ ਆਫਰਾਂ ਦਾ ਲਾਭ ਲੈ ਸਕਣਗੇ।**
- **95 ਪ੍ਰਤੀਸ਼ਤ ਨਾਲੋਂ ਜਿਆਦਾ ਉਤਪਾਦਾਂ ਦੀ ਖਰੀਦ ਸਥਾਨਕ ਪੱਧਰ ਤੇ ਦੇਸ਼ ਤੋਂ ਹੀ ਕੀਤੀ ਜਾਂਦੀ ਹੈ ਅਤੇ ਸਾਰੇ ਉਤਪਾਦ ਬੈਸਟ ਪ੍ਰਾਈਸ ਮੈਂਬਰਾਂ ਲਈ ਉਪਲਬਧ ਰਹਿਣਗੇ ਅਤੇ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੇ ਦਰਵਾਜੇ ਤੱਕ ਪਹੁੰਚਾ ਦਿੱਤੇ ਜਾਣਗੇ।**
- **ਅਪ੍ਰੈਲ ਮਹੀਨੇ ਦੇ ਦੌਰਾਨ ਕਰਿਆਨਾ ਕਾਰੋਬਾਰੀਆਂ ਨੂੰ ਦੈਨਿਕ ਜਰੂਰੀ ਵਸਤੂਆਂ ਤੇ 15 ਪ੍ਰਤੀਸ਼ਤ ਤੱਕ ਦੀ ਬਚਤ, ਫ੍ਰੀ ਡਿਲੀਵਰੀ, ਬੈਸਟ ਪ੍ਰਾਈਸ ਐਪ ਅਤੇ ਵੈਬਸਾਈਟ ਤੋਂ ਆਰਡਰ ਕਰਨ ਤੇ ਕੈਸ਼ਬੈਕ ਮਿਲੇਗਾ।**
- **ਅਪ੍ਰੈਲ 2020 ਤੋਂ ਮਾਰਚ 2021 ਤੱਕ ਬੈਸਟ ਪ੍ਰਾਈਸ ਮੈਂਬਰਾਂ ਵੱਲੋਂ ਈਕਾਮਰਸ ਅਪਣਾਏ ਜਾਣ ਵਿਚ 20 ਗੁਣਾਂ ਵਾਧਾ ਦਰਸਾਉਂਦਾ ਹੈ ਕਿ ਟੀਅਰ 2 ਅਤੇ ਟੀਅਰ 3 ਸ਼ਹਿਰਾਂ ਵਿਚ ਆਨਲਾਈਨ ਆਰਡਰਿੰਗ ਵਿਚ ਤੇਜੀ ਆ ਰਹੀ ਹੈ।**

ਬੰਗਲੌਰ, 7 ਅਪ੍ਰੈਲ, 2021 : ਭਾਰਤ ਵਿਚ ਹੀ ਵਿਕਸਿਤ ਫਲਿੱਪਕਾਰਟ ਗਰੁੱਪ ਦੇ ਡਿਜੀਟਲ ਬੀ2ਬੀ ਮਾਰਕੀਟ ਪਲੇਸ ਫਲਿੱਪਕਾਰਟ ਹੋਲਸੇਲ ਨੇ ਆਪਣੇ ਕੈਸ਼ ਐਂਡ ਕੈਰੀ ਬਿਜਨਸ ਬੈਸਟ ਪ੍ਰਾਈਸ ਦੇ ਮੈਂਬਰਾਂ ਲਈ 'ਆਨਲਾਈਨ ਸ਼ਾਪਿੰਗ ਧਮਾਕਾ ਮਹੀਨਾ' ਦੀ ਸ਼ੁਰਆਤ ਕੀਤੀ ਹੈ, ਜਿਸਦਾ ਟੀਚਾ ਹੈ ਦੇਸ਼ ਭਰ ਦੇ ਛੋਟੇ ਖੁਦਰਾ ਵਪਾਰੀਆਂ ਦੀ ਬਚਤ ਵਾਧਾ ਅਤੇ ਈਕਾਮਰਸ ਦੇ ਮਾਧਿਅਮ ਨਾਲ ਉਨ੍ਹਾਂ ਦੀ ਸੁਰੱਖਿਆ ਸੁਨਿਸ਼ਚਿਤ ਕਰਦੇ ਹੋਏ ਉਨ੍ਹਾਂ ਦੇ ਦਰਵਾਜੇ ਤੱਕ ਜਲਦੀ ਸਮਾਨ ਪਹੁੰਚਾਉਣਾ।

ਬੈਸਟ ਪ੍ਰਾਈਸ ਕੈਸ਼ ਐਂਡ ਕੈਰੀ ਦੇ ਮੈਂਬਰ ਬੈਸਟ ਪ੍ਰਾਈਸ ਐਪ ਅਤੇ ਵੈਬਸਾਈਟ ਦੇ ਜਰੀਏ ਆਨਲਾਈਨ ਆਰਡਰ ਕਰ ਸਕਦੇ ਹਨ ਅਤੇ ਦੈਨਿਕ ਜਰੂਰਤ ਦੀਆਂ ਵਸਤੂਆਂ ਤੇ 15 ਪ੍ਰਤੀਸ਼ਤ ਤੱਕ ਦੀ ਛੂਟ ਦੇ ਨਾਲ ਵਿਭਿੰਨ ਪ੍ਰਕਾਰ ਦੇ ਉਤਪਾਦਾਂ ਦੀ ਫ੍ਰੀ ਡਿਲੀਵਰੀ ਪ੍ਰਾਪਤ ਕਰ ਸਕਣਗੇ।

ਆਦਰਸ਼ ਮੈਨਨ, ਸੀਨੀਅਰ ਵਾਈਸ ਪ੍ਰੈਜੀਡੈਂਟ ਅਤੇ ਹੈਡ - ਫਲਿੱਪਕਾਰਟ ਹੋਲਸੇਲ ਐਂਡ ਵਾਲਮਾਰਟ ਇੰਡੀਆ ਨੇ ਕਿਹਾ, 'ਈਕਾਮਰਸ ਖਰੀਦਦਾਰੀ ਦੇ ਸੁਰੱਖਿਅਤ ਅਤੇ ਸੁਵਿਧਾਜਨਕ ਮਾਧਿਅਮ ਦੇ ਤੌਰ ਤੇ ਉਭਰੀ ਹੈ। ਅਜਿਹੇ ਵਿਚ ਆਨਲਾਈਨ ਸ਼ਾਪਿੰਗ ਧਮਾਕਾ ਮਹੀਨਾ ਛੋਟੇ ਖੁਦਰਾ ਵਿਕ੍ਰੇਤਾਵਾਂ, ਕਰਿਆਨਾ ਕਾਰੋਬਾਰੀਆਂ, ੳ ਐਂਡ ਆਈ ਸ਼ਾਪਰਸ ਦੇ ਲਈ ਬਹੁਤ ਵਧੀਆ ਮੌਕਾ ਹੈ ਆਪਣੀ ਵਿਕਰੀ ਅਤੇ ਮੁਨਾਫਾ ਵਧਾਉਣ ਦਾ। ਫਲਿੱਪਕਾਰਟ ਹੋਲਸੇਲ ਵਿਚ ਸਾਡੀ ਮੁੱਖ ਪ੍ਰਾਥਮਿਕਤਾ ਹੈ ਦੇਸ਼ ਭਰ ਦੇ ਛੋਟੇ ਕਰਿਆਨਾ ਵਪਾਰੀਆਂ ਦੇ ਵਾਧੇ ਅਤੇ ਕਾਮਯਾਬੀ ਅਤੇ ਨਾਲ ਹੀ ਉਨ੍ਹਾਂ ਦੀ ਸੁਰੱਖਿਆ ਤੇ ਵੀ ਸਾਡਾ ਪੂਰਾ ਧਿਆਨ ਹੈ। ਈਕਾਮਰਸ ਦੇ ਮਾਧਿਅਮ ਨਾਲ ਛੋਟੇ ਖੁਦਰਾ ਵਿਕ੍ਰੇਤਾਵਾਂ ਦੇ ਲਈ ਕਾਰੋਬਾਰ ਨੂੰ ਅਸਾਨ ਬਣਾਉਣ ਦੀ ਸਾਡੀ ਨਿਰੰਤਰ ਕੋਸ਼ਿਸ਼ ਰਹਿੰਦੀ ਹੈ ਅਤੇ ਉਪਯੋਗੀ

ਜਾਣਕਾਰੀ ਅਤੇ ਸਟਾਕ ਚੁਣਨ ਨਾਲ ਅਸੀਂ ਉਨ੍ਹਾਂ ਦੀ ਮੰਗ ਵਧਾਉਣ ਦੀਅਲਾਂ ਕੋਸ਼ਿਸ਼ਾਂ ਵਿਚ ਸਹਿਯੋਗ ਕਰਦੇ ਹਾਂ। ਸਾਡਾ ਮੰਨਣਾ ਹੈ ਕਿ ਆਨਲਾਈਨ ਸ਼ਾਪਿੰਗ ਧਮਾਕਾ ਮਹੀਨਾ ਸਾਡੇ ਬੈਸਟ ਪ੍ਰਾਈਸ ਮੈਂਬਰਾਂ ਦੀ ਅਹਿਮ ਬਚਤ ਕਰਵਾਉਣ ਵਿਚ ਬਹੁਤ ਮਦਦਗਾਰ ਸਾਬਤ ਹੋਵੇਗਾ ਅਤੇ ਨਾਲ ਹੀ ਇਸ ਚੁਣੌਤੀਪੂਰਣ ਸਮੇਂ ਵਿਚ ਉਨ੍ਹਾਂ ਦੀ ਸੁਰੱਖਿਆ ਵੀ ਸੁਨਿਸ਼ਚਿਤ ਕਰੇਗਾ।'

ਬੈਸਟ ਪ੍ਰਾਈਸ ਵਿਚ ਆਨਲਾਈਨ ਸ਼ਾਪਿੰਗ ਧਮਾਕਾ ਮਹੀਨਾ 1 ਅਪ੍ਰੈਲ 2021 ਤੋਂ ਸ਼ੁਰੂ ਹੋ ਚੁੱਕਿਆ ਹੈ ਅਤੇ ਇਹ 30 ਅਪ੍ਰੈਲ 2021 ਨੂੰ ਖਤਮ ਹੋਵੇਗਾ। ਇਸ ਦੌਰਾਨ ਸਾਰੀਆਂ ਸ਼੍ਰੇਣੀਆਂ ਵਿਚ ਉਤਪਾਦ ਪ੍ਰਸਤੁਤ ਕੀਤੇ ਜਾਣਗੇ ਜਿਵੇਂ ਖਾਦ ਪਦਾਰਥ, ਪਰਸਨਲ ਕੇਅਰ, ਹੋਮ ਕੇਅਰ, ਪੈਕੇਜਡ ਫੂਡ ਅਤੇ ਡ੍ਰਿੰਕ, ਇਲੈਕਟ੍ਰੋਨਿਕਸ ਅਤੇ ਉਪਕਰਣ ਅਤੇ 100 ਨਾਲੋਂ ਜਿਆਦਾ ਬ੍ਰਾਂਡਾਂ ਦੀਆਂ ਹੋਰ ਆਮ ਵਸਤੂਆਂ। ਬੈਸਟ ਪ੍ਰਾਈਸ ਮੈਂਬਰ ਵਿਭਿੰਨ ਆਕਰਸ਼ਕ ਆਫਰਾਂ ਦਾ ਲਾਭ ਵੀ ਲੈ ਸਕਣਗੇ ਜਿਵੇਂ ਕੈਸ਼ਬੈਕ, ਕੂਪਨ ਡਿਸਕਾਊਂਟ ਅਤੇ ਰਾਤ ਨੂੰ ਖਰੀਦਦਾਰੀ ਕਰਨ ਵਾਲਿਆਂ ਨੂੰ ਵਾਧੂ ਛੂਟ, ਇਸ ਤੋਂ ਇਲਾਵਾ ਆਨਲਾਈਨ ਆਰਡਰਾਂ ਤੇ ਫ੍ਰੀ ਡਿਲੀਵਰੀ ਵੀ ਹੈ।

ਫਲਿੱਪਕਾਰਟ ਹੋਲਸੇਲ ਨੇ ਭਾਰਤ ਦੇ ਟੀਅਰ 2 ਅਤੇ ਟੀਅਰ 3 ਸ਼ਹਿਰਾਂ ਵਿਚ ਕਰਿਆਨਾ ਅਤੇ ਸਪਲਾਇਰਾਂ ਦੇ ਵਿਚਕਾਰ ਡਿਜੀਟਲੀਕਰਣ ਨੂੰ ਹੁੰਗਾਰਾ ਦਿੱਤਾ ਅਤੇ ਇਸ ਤਰ੍ਹਾਂ ਇਹ ਦੇਸ਼ ਦੇ ਸਮਾਵੇਸ਼ੀ ਵਿਕਾਸ ਵਿਚ ਇੱਕ ਉਤਪ੍ਰੇਰਕ ਬਣ ਕੇ ਉਭਰਿਆ ਹੈ। ਅਪ੍ਰੈਲ 2020 ਤੋਂ ਮਾਰਚ 2021 ਤੱਕ ਬੈਸਟ ਪ੍ਰਾਈਸ ਦੇ ਕੈਸ਼ ਐਂਡ ਕੈਰੀ ਕਾਰੋਬਾਰ ਨੇ ਈਕਾਮਰਸ ਵਿਚ 20 ਗੁਣਾਂ ਵਾਧਾ ਦਰਜ ਕੀਤਾ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿਚ ਵਸਣ ਵਾਲਾ ਭਾਰਤ ਹੁਣ ਖਰੀਦਦਾਰੀ ਦੇ ਲਈ ਈਕਾਮਰਸ ਨੂੰ ਵੱਡੇ ਪੱਧਰ ਤੇ ਅਪਣਾ ਰਿਹਾ ਹੈ।

ਭਾਰਤ ਦੇ 9 ਰਾਜਾਂ ਵਿਚ ਬੈਸਟ ਪ੍ਰਾਈਸ ਦੇ 29 ਹੋਲਸੇਲ ਕੈਸ਼ ਐਂਡ ਕੈਰੀ ਸਟੋਰ ਹਨ ਜਿਹੜੇ ਪਿਛਲੇ 12 ਸਾਲਾਂ ਤੋਂ ਉੱਤਮ ਸਮਾਨ ਦੇ ਨਾਲ ਦੇਸ਼ ਦੇ ਤਕਰੀਬਨ 10 ਲੱਖ ਛੋਟੇ ਖੁਦਰਾ ਵਿਕ੍ਰੇਤਾਵਾਂ ਨੂੰ ਸੇਵਾਵਾਂ ਦੇ ਰਹੇ ਹਨ ਜਿਨ੍ਹਾਂ ਵਿਚ ਕਰਿਆਨਾ, ਹੋਰੇਕਾ (ਹੋਟਲ, ਰੈਸਟੋਰੈਂਟ ਅਤੇ ਕੈਫੇਟੇਰੀਆ) ਅਤੇ ਓ ਐਂਡ ਆਈ (ਦਫ਼ਤਰ ਅਤੇ ਸੰਸਥਾਵਾਂ) ਸ਼ਾਮਲ ਹਨ।

**ਫਲਿੱਪਕਾਰਟ ਗਰੁੱਪ ਦੇ ਬਾਰੇ ਵਿਚ**

ਫਲਿੱਪਕਾਰਟ ਗਰੁੱਪ ਭਾਰਤ ਦੇ ਮੋਹਰੀ ਡਿਜੀਟਲ ਕਾਮਰਸ ਸਮੂਹਾਂ ਵਿਚੋਂ ਇੱਕ ਹੈ ਅਤੇ ਇਸ ਵਿਚ ਫਲਿੱਪਕਾਰਟ, ਮਿੰਤਰਾ ਅਤੇ ਫਲਿੱਪਕਾਰਟ ਹੋਲਸੇਲ ਸ਼ਾਮਲ ਹਨ। ਸਾਲ 2007 ਵਿਚ ਸ਼ੁਰੂ ਹੋਈ ਫਲਿੱਪਕਾਰਟ ਨੇ ਲੱਖਾਂ ਗ੍ਰਾਹਕਾਂ, ਵਿਕ੍ਰੇਤਾਵਾਂ, ਵਪਾਰੀਆਂ ਅਤੇ ਲਘੂ ਕਾਰੋਬਾਰਾਂ ਨੂੰ ਇਸ ਕਾਬਲ ਬਣਾਇਆ ਕਿ ਉਹ ਭਾਰਤ ਦੀ ਈਕਾਮਰਸ ਕ੍ਰਾਂਤੀ ਦਾ ਹਿੱਸਾ ਬਣ ਸਕਣ। 30 ਕਰੋੜ ਪ੍ਰਯੋਗਤਾਵਾਂ ਵਾਲਾ ਫਲਿੱਪਕਾਰਟ 80 ਨਾਲੋਂ ਜਿਆਦਾ ਸ੍ਰੇਣੀਆਂ ਵਿਚ 15 ਕਰੋੜ ਉਤਪਾਦ ਪੇਸ਼ ਕਰਦਾ ਹੈ। ਭਾਰਤ ਵਿਚ ਈਕਾਮਰਸ ਨੂੰ ਆਮ ਲੋਕਾਂ ਤੱਕ ਪਹੁੰਚਾਉਣ, ਪਹੁੰਚ ਅਤੇ ਵਹਨੀਯਤਾ ਨੂੰ ਅੱਗੇ ਵਧਾਉਣ, ਗ੍ਰਾਹਕਾਂ ਨੂੰ ਖੁਸ਼ ਕਰਨ, ਲੱਖਾਂ ਰੁਜਗਾਰ ਪੈਦਾ ਕਰਨ, ਉਦਮੀਆਂ ਦੀਆਂ ਪੀੜੀਆਂ ਅਤੇ ਐਮਐਸਐਮਈ ਨੂੰ ਕਾਮਯਾਬ ਕਰਨ ਵਾਲੇ ਕਦਮਾਂ ਨਾਲ ਸਾਨੂੰ ਜਿਹੜੀ ਸਫਲਤਾ ਹਾਸਲ ਹੋਈ ਉਸ ਨਾਲ ਸਾਨੂੰ ਅਜਿਹੀਆਂ ਚੀਜਾਂ ਇਨੋਵੇਟ ਕਰਨ ਵਿਚ ਮਦਦ ਮਿਲੀ ਜਿਹੜੀਆਂ ਇਸ ਉਦਯੋਗ ਵਿਚ ਪਹਿਲੀ ਵਾਰ ਹੋਈਆਂ ਹਨ। ਸਾਡੇ ਨਵੇਂ ਡਿਜੀਟਲ ਮਾਰਕੀਟਪਲੇਸ ਫਲਿੱਪਕਾਰਟ ਹੋਲਸੇਲ ਦਾ ਹਾਲੀਆ ਲਾਂਚ ਇਸਦਾ ਪਰਿਚਾਯਕ ਹੈ ਕਿ ਅਸੀਂ ਭਾਰਤ ਵਿਚ ਕਰਿਆਨਾ ਅਤੇ ਐਮਐਸਐਮਈ ਦੇ ਵਾਧੇ ਨੂੰ ਤੇਜ ਕਰਨ ਦੇ ਲਈ ਵਚਨਬੱਧ ਹਾਂ। ਫਲਿੱਪਕਾਰਟ ਨੂੰ ਕੈਸ਼ ਆਨ ਡਿਲੀਵਰੀ, ਨੋ ਕਾਸਟ ਈਐਮਆਈ ਅਤੇ ਈਜੀ ਰਿਟਰਨ ਜਿਹੀਆਂ ਗ੍ਰਾਹਕ ਕੇਂਦਰਿਤ ਪਹਿਲਾਂ ਦੇ ਲਈ ਜਾਣਿਆ ਜਾਂਦਾ ਹੈ ਜਿਨ੍ਹਾਂ ਨੂੰ ਕਰੋੜਾਂ ਭਾਰਤੀਆਂ ਦੇ ਲਈ ਆਨਲਾਈਨ

ਸ਼ਾਪਿੰਗ ਨੂੰ ਜਿਆਦਾ ਪਹੁੰਚਯੋਗ ਅਤੇ ਕਿਫਾਇਤੀ ਬਣਾ ਦਿੱਤਾ। ਆਨਲਾਈਨ ਫੈਸ਼ਨ ਮਾਰਕੀਟ ਵਿਚ ਮਜਬੂਤ ਸਥਿਤੀ ਵਾਲੀ ਮਿੰਤਰਾ ਅਤੇ ਹੁਣ ਫਲਿੱਪਕਾਰਟ ਹੋਲਸੇਲ ਦੇ ਨਾਲ ਫਲਿੱਪਕਾਰਟ ਗਰੁੱਪ ਟੈਕਨੋਲਾਜੀ ਦੇ ਮਾਧਿਅਮ ਨਾਲ ਦੇਸ਼ ਵਿਚ ਕਾਰੋਬਾਰ ਦੇ ਤਰੀਕੇ ਨੂੰ ਬਦਲਣ ਵਿਚ ਸਭ ਤੋਂ ਅੱਗੇ ਰਹਿ ਕੇ ਇਸੇ ਤਰ੍ਹਾਂ ਹੀ ਕੰਮ ਕਰਦਾ ਰਹੇਗਾ।

ਜਿਆਦਾ ਜਾਣਕਾਰੀ ਦੇ ਲਈ ਕ੍ਰਿਪਾ ਕਰਕੇ ਲਿਖੋ : media@flipkart.com